ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਸੇਵਾ ਵਿਖੇ

ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ
ਸਾਰੀਆਂ ਮੈਡੀਕਲ, ਡੈਂਟਲ, ਆਯੁਰਵੈਦਿਕ, ਹੋਮੋਪੈਥਿਕ,
ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁਖੀ

ਨੰ: 6ਐਮ.ਈ.3 (6)-ਪੰ:-13 14182-14477

ਮਿਤੀ ਚੰਡੀਗੜ੍ਹ: 8.8.13

ਵਿਸ਼ਾ:- Compulsory Registration on Scholarship Portal- http://punjabscholarships.gov.in

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਵਲੋਂ ਸੈਂਟਰਲੀ ਸਪੌਂਸਰਡ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਟੂ ਐਸ.ਸੀ. ਸਟੂਡੈਂਟਸ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਟੂ ਓ.ਬੀ.ਸੀ. ਸਟੂਡੈਂਟਸ ਨੂੰ ਸਾਲ 2013-14 ਤੋਂ ਆਨ ਲਾਈਨ ਕੀਤਾ ਗਿਆ ਹੈ। ਇਸ ਸਕੀਮ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇ।

200 ਤੋਂ ਵੱਧ ਸੰਸਥਾਵਾਂ ਇਸ ਸਕਾਲਰਸ਼ਿਪ ਪੋਰਟਲ ਉੱਤੇ ਰਜਿਸਟਰ ਹੋ ਚੁੱਕੀਆਂ ਹਨ। ਜੋ ਸੰਸਥਾਵਾਂ ਅਜੇ ਤੱਕ ਰਜਿਸਟਰ ਨਹੀਂ ਹੋਈਆਂ ਉਹ ਰਜਿਸਟਰ ਹੋਣ ਲਈ ਇਸ ਦਫਤਰ ਨੂੰ ਪ੍ਰਤੀ-ਬੇਨਤੀ ਭੇਜਣ (ਪ੍ਰਤੀ ਬੇਨਤੀ ਵਿੱਚ ਸੰਸਥਾ ਦਾ ਨਾਮ ਅਤੇ ਮੁਕੰਮਲ ਅਡਰੈਸ (ਸਮੇਤ ਤਹਿਸੀਲ), ਮੋਬਾਈਲ ਨੰਬਰ, ਈ-ਮੇਲ ਆਈ.ਡੀ. ਸ਼ਾਮਿਲ ਹੋਣ ਅਤੇ ਸੰਸਥਾ ਦੀ ਮਾਨਤਾ ਦੇ ਸਬੂਤ ਨਾਲ ਨੱਥੀ ਹੋਣ) ਇਹ ਪ੍ਰਤੀ ਬੇਨਤੀ ਸਕੈਨ ਕਰਕੇ ਈ-ਮੇਲ ਆਈ. ਡੀ. drme6me3@gmail.com ਉੱਤੇ ਈ-ਮੇਲ ਵੀ ਕੀਤੀ ਜਾ ਸਕਦੀ ਹੈ। ਇਸ ਵਿਭਾਗ ਨਾਲ ਸਬੰਧਤ ਸਾਰੀਆਂ ਸੰਸਥਾਵਾਂ ਦਾ ਸਕਾਲਰਸ਼ਿਪ ਪੋਰਟਲ ਉੱਤੇ ਰਜਿਸਟਰ ਹੋਣਾ ਜ਼ਰੂਰੀ ਹੈ। ਸੰਸਥਾ ਦੇ ਰਜਿਸਟਰ ਨਾ ਹੋਣ ਕਾਰਨ ਉਸ ਸੰਸਥਾ ਦੇ ਵਿਦਿਆਰਥੀ ਆਨ-ਲਾਈਨ ਸਕਾਲਰਸ਼ਿਪ ਅਪਲਾਈ ਨਹੀਂ ਕਰ ਸਕਣਗੇ ਅਤੇ ਅਪਲਾਈ ਨਾ ਕਰ ਸਕਣ ਕਰਕੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਤੋਂ ਵਾਂਝੇ ਰਹਿ ਜਾਣ ਲਈ ਸਬੰਧਤ ਸੰਸਥਾ ਜਿੰਮੇਵਾਰ ਹੋਵੇਗੀ।

ਸਕਾਲਰਸ਼ਿਪ ਸਬੰਧੀ ਸਮੇਂ-ਸਮੇਂ ਜਾਰੀ ਕੀਤੇ ਗਏ ਪੱਤਰ, ਗਾਈਡ-ਲਾਈਨਾਂ ਆਦਿ ਇਸ ਦਫਤਰ ਦੀ ਵੈਬ-ਸਾਈਟ www.punjabmedicaleducation.org ਉੱਤੇ ਸਕਾਲਰਸ਼ਿਪ ਪੇਜ ਉੱਤੇ ਉਪਲਬਧ ਹਨ, ਵਿਭਾਗ ਦੀ ਇਸ ਵੈਬਸਾਈਟ ਅਤੇ ਸੰਸਥਾਵਾਂ ਆਪਣੀ ਈ-ਮੇਲ ਨੂੰ ਸਮੇਂ-ਸਮੇਂ ਚੈਕ ਕਰਨਾ ਯਕੀਨੀ ਬਣਾਉਣ। **ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸੰਸਥਾਵਾਂ ਨੂੰ ਪੱਤਰ ਈ-ਮੇਲ ਰਾਹੀਂ ਭੇਜੇ ਜਾ ਰਹੇ ਹਨ ਅਤੇ ਵੈਬ-ਸਾਈਟ ਉੱਤੇ ਵੀ ਉਪਲਬਧ ਹਨ, ਇਨ੍ਹਾਂ ਨੂੰ ਚੈਕ ਕਰਨਾ ਅਤੇ ਲਾਗੂ ਕਰਨਾ ਸੰਸਥਾ ਦੀ ਜਿੰਮੇਵਾਰੀ ਹੈ।** ਜੇਕਰ ਕਿਸੇ ਸੰਸਥਾ ਨੂੰ ਇਸ ਦਫਤਰ ਵਲੋਂ ਈ-ਮੇਲ ਪ੍ਰਾਪਤ ਨਹੀਂ ਹੋ ਰਹੀਆਂ ਉਹ ਕਿਰਪਾ ਕਰਕੇ ਈ-ਮੇਲ ਆਈ.ਡੀ. drme6me3@gmail.com ਉੱਤੇ ਈ-ਮੇਲ ਭੇਜ ਕੇ ਆਪਣੀ ਸੰਸਥਾ ਦੀ ਈ-ਮੇਲ ਆਈ.ਡੀ. ਐਡ ਕਰਵਾ ਲੈਣ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਵਲੋਂ ਵਿਦਿਆਰਥੀਆਂ ਵਲੋਂ ਸਾਲ 2013-14 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ (ਰੀਨਿਊਲ) ਆਨਲਾਈਨ ਅਪਲਾਈ ਕਰਨ ਦੀ ਅੰਤਿਮ ਮਿਤੀ 31 ਅਗਸਤ 2013 ਨਿਸਚਿਤ ਕੀਤੀ ਗਈ ਹੈ। ਇਸ ਸਬੰਧੀ ਸਾਰੇ ਸਬੰਧਤ ਵਿਦਿਆਰਥੀਆਂ ਨੂੰ ਲਿਖਤੀ ਰੂਪ ਵਿੱਚ ਨੋਟ ਕਰਵਾ ਦਿੱਤਾ ਜਾਵੇ ਅਤੇ ਇਹ ਵੀ ਸਪਸ਼ਟ ਕਰ ਦਿੱਤਾ ਜਾਵੇ ਕਿ ਸਮੇਂ ਸਿਰ ਅਪਲਾਈ ਕਰਨਾ, ਐਪਲੀਕੇਸ਼ਨ ਦੀ ਪ੍ਰਿੰਟ ਕੀਤੀ ਕਾਪੀ, ਅਸਲ ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਰੈਜੀਡੈਂਸ

ਸਰਟੀਫਿਕੇਟ ਦੀਆਂ ਕਾਪੀਆਂ, ਦਸਵੀਂ ਤੋਂ ਲੈ ਕੇ ਹੁਣ ਤੱਕ ਕੀਤੀ ਪੜ੍ਹਾਈ ਦੇ ਸਾਰੇ ਸਰਟੀਫਿਕੇਟਾਂ ਦੀਆਂ ਕਾਪੀਆਂ ਸਮੇਂ ਸਿਰ ਸੰਸਥਾ ਵਿੱਚ ਜਮ੍ਹਾਂ ਕਰਵਾਉਣਾ ਵਿਦਿਆਰਥੀ ਦੀ ਜਿੰਮੇਵਾਰੀ ਹੈ। ਆਨ-ਲਾਈਨ ਅਪਲਾਈ ਕਰਨ ਵਿੱਚ ਜੇਕਰ ਵਿਦਿਆਰਥੀ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਉਹ ਸਬੰਧਤ ਸੰਸਥਾ ਨਾਲ ਸੰਪਰਕ ਕਰਨ, ਜੇਕਰ ਫਿਰ ਵੀ ਮੁਸ਼ਕਿਲ ਹੱਲ ਨਹੀਂ ਹੁੰਦੀ ਤਾਂ ਇਸ ਦਫਤਰ ਦੇ ਟੈਲੀਫੋਨ ਨੰਬਰ 0172-2690854 ਉੱਤੇ ਸੰਪਰਕ ਕਰਨ। ਆਮਦਨ ਦੇ ਸਬੂਤ ਵਜੋਂ ਅਸਲ ਆਮਦਨ ਸਰਟੀਫਿਕੇਟ ਦਿੱਤਾ ਜਾਵੇ ਜਾਂ ਮੈਜਿਸਟ੍ਰੇਟ ਵਲੋਂ ਤਸਦੀਕ ਕੀਤਾ ਹਲਫੀਆ ਬਿਆਨ ਵੀ ਦਿੱਤਾ ਜਾ ਸਕਦਾ ਹੈ, ਪ੍ਰੰਤੂ ਜਿਹੜੇ ਵਿਦਿਆਰਥੀ ਮੈਨੇਜਮੈਂਟ ਸੀਟਾਂ ਉੱਤੇ ਦਾਖਲ ਹੋਏ ਹਨ, ਉਨ੍ਹਾਂ ਦਾ ਕੇਵਲ ਆਮਦਨ ਸਰਟੀਫਿਕੇਟ ਹੀ ਸਵੀਕਾਰ ਕੀਤਾ ਜਾਵੇਗਾ। ਆਮਦਨ ਸਰਟੀਫਿਕੇਟ ਜਾਰੀ ਕਰਨ ਸਬੰਧੀ ਹਦਾਇਤਾ ਵਿਭਾਗ ਦੀ ਵੈਬ-ਸਾਈਟ www.punjabmedicaleducation.org ਉੱਤੇ ਉਪਲਬਧ ਹਨ।

ਐਸ.ਸੀ. ਵਿਦਿਆਰਥੀਆਂ ਤੋਂ ਫੀਸਾਂ ਨਾ ਲੈਣ ਸਬੰਧੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ / ਭਾਰਤ ਸਰਕਾਰ / ਪੰਜਾਬ ਸਰਕਾਰ ਦੇ ਪੱਤਰਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸਕਾਲਰਸ਼ਿਪ ਪ੍ਰਾਪਤ ਕਰਨ ਲਈ ਸਾਰੇ ਵਸੀਲਿਆਂ ਤੋਂ ਸਾਲਾਨਾ ਆਮਦਨ ਦੀ ਹੱਦ ਐਸ.ਸੀ. ਕੈਟਾਗਿਰੀ ਲਈ 2,50,000/-ਰੁ: ਅਤੇ ਓ.ਬੀ.ਸੀ. ਕੈਟਾਗਿਰੀ ਲਈ 1,00,000/-ਰੁ: ਹੈ।

ਸ/-

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਨੰ: 6ਐਮ.ਈ.3 (6)-ਪੰ:-13 14478-80 ਮਿਤੀ ਚੰਡੀਗੜ੍ਹ: 8-8-13

ਉਤਾਰਾ :-

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ।
2. ਰਜਿਸਟਰਾਰ, ਗੁਰੂ ਰਵੀਦਾਸ ਆਯੂਰਵੇਦਿਕ ਯੂਨੀਵਰਸਿਟੀ, ਹੁਸ਼ਿਆਰਪੁਰ।
3. ਰਜਿਸਟਰਾਰ, ਪੰਜਾਬ ਨਰਸਿਜ ਰਜਿਸਟ੍ਰੇਸ਼ਨ ਕੌਂਸਲ, ਚੰਡੀਗੜ੍ਹ।

ਨੂੰ ਸਕਾਲਰਸ਼ਿਪ ਪੋਰਟਲ ਉੱਤੇ ਰਜਿਸਟਰਡ ਸੰਸਥਾਵਾਂ ਦੀ ਸੂਚੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਨਾਲ ਸਬੰਧਤ ਸੰਸਥਾਵਾਂ ਜੋ ਅਜੇ ਤੱਕ ਸਕਾਲਰਸ਼ਿਪ ਪੋਰਟਲ ਉੱਤੇ ਰਜਿਸਟਰਡ ਨਹੀਂ ਹੋਈਆਂ, ਨੂੰ ਰਜਿਸਟਰਡ ਹੋਣ ਦੀ ਹਦਾਇਤ ਕੀਤੀ ਜਾਵੇ ਅਤੇ ਐਸ.ਸੀ. ਵਿਦਿਆਰਥੀਆਂ ਤੋਂ ਫੀਸਾਂ ਨਾ ਲੈਣ ਸਬੰਧੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ / ਭਾਰਤ ਸਰਕਾਰ / ਪੰਜਾਬ ਸਰਕਾਰ ਦੇ ਪੱਤਰਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਜੀ।

ਸ/-

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਨੰ: 6ਐਮ.ਈ.3 (6)-ਪੰ:-13 14481 ਮਿਤੀ ਚੰਡੀਗੜ੍ਹ: 8-8-13

ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਐਸ.ਸੀ.ਓ. ਨੰ: 128-129, ਸੈਕਟਰ-34 ਏ, ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸ/-

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ